ਦੂਰਦਰਸ਼ਨ ਸਮੀਖਿਆ

ਸ਼ੁੱਧ ਪੰਜਾਬੀ ਉਚਾਰਨ ਦੀ ਅਣਹੋਂਦ ਰੜਕਦੀ ਹੈ

ਪ੍ਰੋ. ਸੁਦੀਪ ਸਿੰਘ ਢਿੱਲੋਂ

ਦੂਰਦਰਸ਼ਨ ਜਲੰਧਰ ਦੀ ਸਥਾਪਨਾ ਪੰਜਾਬ-ਪੰਜਾਬੀ ਅਤੇ ਪੰਜਾਬੀਅਤ ਦੇ ਸੰਕਲਪ ਨੂੰ ਪ੍ਰਫੁਲਤ ਕਰਨ ਲਈ ਕੀਤੀ ਗਈ ਸੀ। ਇਸ ਦਾ ਮੁੱਖ ਮਕਸਦ ਇਸ ਖਿੱਤੇ ਦੇ ਲੋਕਾਂ ਦੀਆਂ ਸੱਭਿਆਚਾਰਕ ਮਾਨਤਾਵਾਂ ਨੂੰ ਉਭਾਰਨਾ ਅਤੇ ਉਨ੍ਹਾਂ ਦੀ ਤ੍ਰਿਪਤੀ ਕਰਨਾ ਸੀ। ਕੁਝ ਹੱਦ ਤੱਕ ਇਹ ਕੇਂਦਰ ਇਸ ਕੰਮ ਵਿੱਚ ਸਫ਼ਲ ਵੀ ਹੋਇਆ ਹੈ ਪਰ ਹਾਲੇ ਬਹੁਤ ਕੁਝ ਅਜਿਹਾ ਹੈ ਜਿਹੜਾ ਦਰਸ਼ਕਾਂ ਦੀ ਮਨਪਸੰਦ ਦਾ ਨਹੀਂ। ਦਰਸ਼ਕ ਸਮਝਦੇ ਨੇ ਕਿ ਉਨ੍ਹਾਂ ਨੂੰ ਇਹ ਸੁਣਨ 'ਤੇ ਵੇਖਣ ਲਈ ਜਾਣਬੁੱਝ ਕੇ ਮਜ਼ਬੂਰ ਕੀਤਾ ਜਾ ਰਿਹਾ ਹੈ। ਮਿਸਾਲ ਵਜੋਂ ਜਲੰਧਰ ਦੂਰਦਰਸ਼ਨ ਦੇ ਖ਼ਬਰਾਂ ਪੜ੍ਹਨ ਵਾਲੇ ਨਿਊਜ਼ ਰੀਡਰ, ਵੱਖ ਵੱਖ ਪ੍ਰੋਗਰਾਮਾਂ ਨੂੰ ਪੇਸ਼ ਕਰਨ ਵਾਲੇ ਐਂਕਰ ਅਤੇ ਇਨ੍ਹਾਂ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਲਈ ਚੰਗਾ ਮਿਹਨਤਾਨਾ ਦੇ ਕੇ ਸੱਦੇ ਜਾਂਦੇ ਮਾਹਿਰ ਜਿਸ ਤਰ੍ਹਾਂ ਦੀ ਪੰਜਾਬੀ ਬੋਲਦੇ ਹਨ ਉਸ ਨੂੰ ਸੁਣ ਕੇ ਲੱਗਦਾ ਹੈ ਕਿ ਸ਼ਾਇਦ ਇਨ੍ਹਾਂ ਨੂੰ ਪੰਜਾਬੀ ਦਾ ਪੂਰਾ ਗਿਆਨ ਨਹੀਂ। ਉਦਾਹਰਣ ਵਜੋਂ ਸ਼ਰੀਰ ਸ਼ੀਤਲ ਸਿੰਘ, ਉਦਮ ਸਿੰਘ (ਊਧਮ ਸਿੰਘ ਸ਼ੁੱਧ ਰੂਪ), ਆਪਨਾ, ਜਾਨਾ, ਖਾਨਾ, ਹੱਸਨਾ, ਸੌਨਾ ਆਦਿ ਲਫ਼ਜ਼ਾਂ ਦੇ ਨਾਲ ਨਾਲ ਪੰਜਾਬੀ ਦੇ ਗਿਆਨ ਤੋਂ ਕੋਰੇ ਬਹੁਤ ਸਾਰੇ ਮਾਹਿਰ ਹਿੰਦੀ ਨੁਮਾ ਪੰਜਾਬੀ ਬੋਲਦੇ ਬੜੇ ਅਜੀਬ ਲੱਗਦੇ ਹਨ। ਇਨ੍ਹਾਂ ਵਿੱਚੋਂ ਇੱਕ ਦੋ ਤਾਂ ਅਜਿਹੇ ਹਨ ਜਿਨ੍ਹਾਂ ਦੀ ਪੂਰੀ ਪੇਸ਼ਕਾਰੀ ਵਿੱਚ 70ਵੀਂ ਸਦੀ ਤੋਂ ਵੱਧ ਲਫ਼ਜ ਹਿੰਦੀ ਦੇ ਹੁੰਦੇ ਹਨ। ਅਸੀਂ ਹਿੰਦੀ ਦੇ ਵਿਰੁੱਧ ਨਹੀਂ ਹਾਂ। ਇਹ ਸਾਡੀ ਰਾਸ਼ਟਰੀ ਭਾਸ਼ਾ ਹੈ, ਪਰ ਪੰਜਾਬੀ ਪ੍ਰੋਗਰਾਮਾਂ ਵਿੱਚ ਇਸ ਤਰ੍ਹਾਂ ਦੀ ਪੰਜਾਬੀ ਨੂੰ ਜਾਗਰੂਕ ਸਰੋਤੇ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਇਸ ਲਈ ਲੋੜ ਹੈ ਕਿ ਪੁਣ-ਛਾਣ ਕਰਕੇ ਵਧੀਆ ਅਤੇ ਠੁੱਕਦਾਰ ਪੰਜਾਬੀ ਬੋਲਣ ਵਾਲੇ ਕਲਾਕਾਰ ਹੀ ਅੱਗੇ ਲਿਆਂਦੇ ਜਾਣ ਤਾਂ ਕਿ ਇਹ ਕੇਂਦਰ ਸਹੀ ਅਰਥਾਂ ਵਿੱਚ ਪੰਜਾਬ ਅਤੇ ਪੰਜਾਬੀਆਂ ਦੀ ਜਾਣ ਬਣ ਸਕੇ। ਆਸ ਹੈ ਸਬੰਧਿਤ ਅਧਿਕਾਰੀ ਇਸ ਵੱਲ ਧਿਆਨ ਦੇਣਗੇ।

ਪ੍ਰੋਗਰਾਮ ਗੱਲਾਂ ਤੇ ਗੀਤ-ਪਿਛਲੇ ਹਫ਼ਤੇ ਪੇਸ਼ ਕੀਤੇ ਗਏ ਇਸ ਲਾਈਵ ਪ੍ਰੋਗਰਾਮ ਵਿੱਚ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰੋਫੈਸਰ ਇੰਦਰਜੀਤ ਸਿੰਘ ਗੋਗੋਆਣੀ ਨੇ ਇੱਕ ਵਧੀਆ ਵਿਸ਼ੇ 'ਤੇ ਵਧੀਆ ਤੇ ਰੌਚਿਕ ਢੰਗ ਨਾਲ ਜਾਣਕਾਰੀ ਦਿੱਤੀ। ਇਹ ਵਿਸ਼ਾ ਸੀ ਸਮਾਜ ਵਿੱਚ ਵਹਿਮਾ ਭਰਮਾਂ ਦਾ ਪ੍ਰਚਲਨ। ਇੰਦਰਜੀਗ ਸਿੰਘ ਗੋਗੋਆਣੀ ਨੇ ਸ਼ਨੀਵਾਰ ਨੂੰ ਇਸ਼ਨਾਨ ਨਾ ਕਰਨ, ਬਿੱਲੀ ਦੇ ਰਸਤਾ ਕੱਟ ਜਾਣ 'ਤੇ ਕੁਝ ਸਮੇਂ ਲਈ ਮੁੜ ਆਉਣ, ਤੀਆਂ ਦੇ ਦਿਨਾਂ ਵਿੱਚ ਕੁੜੀਆਂ ਦੇ ਆਪਣੇ ਪੇਕਿਆ ਦੇ ਘਰੀ ਆ ਜਾਣ, ਮੀਂਹ ਸਮੇਂ ਅਸਮਾਨੀ ਬਿਜਲੀ ਤੋਂ ਡਰਦੇ ਮਾਮੇ ਭਾਣਜੇ ਦੇ ਇਕੱਠੇ ਨਾ ਬਹਿਣ ਆਦਿ ਵਰਗੀਆਂ ਪ੍ਰਚਲਿਤ ਵਹਿਮਾਂ ਭਰਮਾਂ ਦੀਆਂ ਗੱਲਾਂ ਦੇ ਚੰਗੇ ਪਾਜ ਉਧੇੜੇ। ਉਨ੍ਹਾਂ ਦੱਸਿਆ ਕਿ ਤੀਆਂ ਮੌਕੇ ਕੁੜੀਆਂ ਨੂੰ ਪੇਕੇ ਭੇਜਣ ਦਾ ਸ਼ਾਇਦ ਇਹ ਤਰਕ ਸੀ ਕਿ ਚਿਰਾਂ ਤੋਂ ਮਾਪਿਆਂ ਨੂੰ ਮਿਲਣ ਲਈ ਤਰਸ ਰਹੀ ਧੀ ਕੁਝ ਦਿਨਾਂ ਲਈ ਆਪਣੇ ਪੇਕੇ ਚਲੀ ਜਾਵੇ। ਅਸਮਾਨੀ ਬਿਜਲੀ ਬਾਰੇ ਉਨ੍ਹਾਂ ਕਿਹਾ ਕਿ ਬਹੁਤੇ ਲੋਕਾਂ ਨੂੰ ਵੀ ਸ਼ਾਇਦ ਇਹ ਨਾ ਪਤਾ ਹੋਵੇ ਕਿ ਇਨ੍ਹਾਂ ਵਿੱਚੋਂ ਮਾਮਾ ਕਿਹੜਾ ਹੈ ਅਤੇ ਭਾਣਜਾ ਕਿਹੜਾ ਹੈ? ਇਸੇ ਤਰ੍ਹਾਂ ਨਿੱਛ ਮਾਰਨ ਤੇ ਯਾਤਰਾ ਨਾ ਸ਼ੁਰੂ ਕਰਨੀ ਆਦਿ ਨੂੰ ਵੀ ਉਨ੍ਹਾਂ ਫੋਕਾ ਵਹਿਮ ਦੱਸਿਆ। ਉਨ੍ਹਾਂ ਇਹ ਵੀ ਦੱਸਿਆ ਇਨ੍ਹਾਂ ਵਹਿਮਾਂ ਭਰਮਾਂ ਦੇ ਪਿੱਛੇ ਉਸ ਸਮੇਂ ਦੇ ਸਿਆਣੇ ਲੋਕਾਂ ਵੱਲੋਂ ਸਥਾਪਿਤ ਕੀਤੇ ਕੁਝ ਖਾਸ ਕਾਰਨ ਹੋ ਸਕਦੇ ਹਨ ਜਿਨ੍ਹਾਂ ਦਾ ਮਕਸਦ ਸਮਾਜ ਨੂੰ ਕੁਝ ਸਹੀ ਸੇਧ ਦੇਣਾ ਮੰਨਿਆ ਜਾ ਸਕਦਾ ਹੈ।

ਕਾਨੂੰਨੀ ਨੁਕਤੇ-ਪਿਛਲੇ ਹਫ਼ਤੇ ਪੇਸ਼ ਕੀਤੇ ਗਏ ਇਸ ਪ੍ਰੋਗਰਾਮ ਦਾ ਵਿਸ਼ਾ ਆਮ ਜਨਤਾ ਨਾਲ ਜੁੜਿਆ ਹੋਇਆ ਸੀ ਤੇ ਇਹ ਸੀ ਔਰਤਾਂ ਵਿਰੁੱਧ ਘਰੇਲੂ ਹਿੰਸਾ। ਮੇਜ਼ਬਾਨ ਰਿੰਤੂ ਗੁੰਬਰ ਵੱਲੋਂ ਮਾਹਿਰ ਮਹਿਮਾਨ ਐਡਵੋਕੇਟ ਦਵਿੰਦਰ ਗੁਪਤਾ ਨੂੰ ਪੁੱਛੇ ਗਏ ਸਵਾਲਾਂ ਦੇ ਜਵਾਬਾਂ ਰਾਹੀਂ ਦਰਸ਼ਕਾਂ ਤੱਕ ਬੜੀ ਜਾਣਕਾਰੀ ਪੁੱਜਦੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਘਰੇਲੂ ਹਿੰਸਾ ਤਿੰਨ ਕਿਸਮ ਦੀ ਹੈ ਮਾਨਸਿਕ, ਸਰੀਰਕ ਅਤੇ ਜਜ਼ਬਾਤੀ। ਮਾਨਸਿਕ ਹਿੰਸਾ ਤਹਿਤ ਕਿਸੇ ਨੂੰਹ ਧੀ ਨੂੰ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਕੀਤਾ ਜਾਂਦਾ ਹੈ, ਸਰੀਰਕ ਹਿੰਸਾ ਤਹਿਤ ਸਰੀਰਕ ਸ਼ੋਸਣ ਅਤੇ ਕੁੱਟਮਾਰ ਵਰਗੇ ਜ਼ੁਲਮ ਆਉਂਦੇ ਹਨ ਅਤੇ ਜਜ਼ਬਾਤੀ ਹਿੰਸਾ ਤਹਿਤ ਕਿਸੇ ਇਸਤਰੀ ਨੂੰ ਬਲੈਕਮੇਲ ਕੀਤਾ ਜਾਣਾ ਆਉਂਦਾ ਹੈ। ਉਨ੍ਹਾਂ ਦੱਸਿਆ ਕਿ ਕੋਈ ਵੀ ਔਰਤ ਘਰੇਲੂ ਹਿੰਸਾ ਵਿਰੁੱਧ ਸ਼ਿਕਾਇਤ ਸਿਰਫ਼ ਆਪ ਹੀ ਕਰ ਸਕਦੀ ਹੈ ਇਹ ਸ਼ਿਕਾਇਤ ਸਬੰਧਿਤ ਥਾਣੇ, ਅਦਾਲਤ ਜਾਂ ਫਿਰ ਕਿਸੇ ਸਵੈ ਸੇਵੀ ਸੰਸਥਾ ਕੋਲ ਕੀਤੀ ਜਾ ਸਕਦੀ ਹੈ। ਘਰੇਲੂ ਹਿੰਸਾ ਵਿਰੁੱਧ ਸਖ਼ਤ ਕਾਨੂੰਨ ਬਣੇ ਹੋਏ ਹਨ। ਘਰੇਲੂ ਹਿੰਸਾ ਦੀ ਸੂਰਤ ਵਿੱਚ ਦਰਾਣੀ, ਜਠਾਣੀ, ਨਨਾਣ ਆਦਿ ਸਾਰੇ ਆਉਂਦੇ ਹਨ। ਦਰਸ਼ਕਾਂ ਨੇ ਟੈਲੀਫੋਨ 'ਤੇ ਅਨੇਕਾ ਸਵਾਲ ਪੁੱਛੇ ਜਿਨ੍ਹਾਂ ਦੇ ਜਵਾਬ ਮਾਹਿਰ ਮਹਿਮਾਨ ਨੇ ਬੜੇ ਵਿਸਥਾਰ ਨਾਲ ਦਿੱਤਾ। ਇਸ ਪ੍ਰੋਗਰਾਮ ਦੇ ਨਿਰਮਾਤਾ ਨਿਰਦੇਸ਼ਕ ਸਨ ਸਲੇਂਦਰ ਸ਼ਰਮਾ।

-ਮੋਬਾ. 99886-26602

ਲੜੀਵਾਰ ਨਾਵਲ / ਕਾਂਡ-37

ਕਿਸਾਨ ਬਣ ਰਿਹਾ ਗ਼ੁਲਾਮ

ਡਾ. ਨਰਿੰਦਰ ਸਿੰਘ ਹਰੀਕਾ
98760-34567

ਸੰਸਾਰੀ ਲੋਕਾਂ ਨੇ ਆਪਣੇ ਇਕ ਸਥਾਨ ਤੋਂ ਭੂ-ਮਾਫੀਆ ਨੇ ਆਪਣੇ ਏਰੀਆ ਵਿੱਚ ਹੋਰ ਘਰ ਬਣਾ ਲਏ ਹਨ, ਜਿੱਥੇ ਫਸਲਾ ਹੋ ਸਕਦੀਆਂ ਸੀ। ਉਹ ਧਰਤੀ ਕਿੰਨੀ ਉਪਜਾਊ ਸੀ, ਉਹਨਾਂ ਲਾਗੇ ਸਾਰੇ ਪਿੰਡਾਂ ਸ਼ਹਿਰਾਂ ਵਿੱਚ ਸਬਜ਼ੀਆਂ, ਫਲਾਂ ਸਸਤੀਆਂ ਹੋ ਗਈਆਂ ਤੇ ਉੱਥੋਂ ਸਬਜ਼ੀਆਂ ਭਾਰਤ ਦੇ ਵੱਡੇ-ਵੱਡੇ ਸ਼ਹਿਰਾਂ ਵਿੱਚ ਜਾਣ ਲੱਗੀਆਂ। ਇਸ ਤਰ੍ਹਾਂ ਟਮਾਟਰ ਤੋਂ ਸੱਸ ਬਣਾਉਣ ਵਾਲੀਆਂ ਕੰਪਨੀਆਂ ਨੇ ਚਾਰ ਹਜ਼ਾਰ ਲੱਖ ਟਨ ਟਮਾਟਰ ਲਿਆ। ਜਿਹੜੀ ਕਿ ਬਹੁਤ ਵੱਡੀ ਉਦਾਹਰਨ ਹੈ। ਆਲੂ ਉੱਥੇ ਇੰਨੇ ਜ਼ਿਆਦਾ ਹੋਏ ਉਸੇ ਫਾਰਮ 'ਚ ਇੱਕ ਹੀ ਦਿਨ 20-20 ਟਰੱਕ ਭਰ ਕੇ ਬਾਹਰ ਜਾਂਦੇ ਰਹੇ। ਇੰਨੇ ਵੱਡਾ ਮਿਲਵਰਤਨ ਹੋਇਆ ਉਹਨਾਂ 'ਚ ਕਿ ਵਰਣਨ ਕਰਨਾ ਔਖਾ ਹੈ। ਹੌਲੀ-ਹੌਲੀ ਰਾਜ ਕਰਨ ਵਾਲੀ ਪਾਰਟੀ ਨੂੰ ਪਤਾ ਲੱਗ ਜਾਵੇਗਾ ਤੇ ਨਵੇਂ ਨੁਮਾਇੰਦੇ ਭੇਜਾਂਗੇ, ਜੋ ਸਾਨੂੰ ਮਜ਼ਬੂਰ ਨਹੀ ਕਰਨਗੇ। ਸਾਡੀਆਂ ਕਮਜ਼ੋਰੀਆਂ ਦਾ ਫਾਇਦਾ ਨਹੀਂ ਉਠਾਉਣਗੇ, ਅਸੀਂ ਉਹਨਾਂ ਦੀਆਂ ਚਾਲਾਂ ਵਿੱਚ ਵੀ ਨਹੀਂ ਫਸਾਂਗੇ। ਅਸੀਂ ਇਹ ਕੀ ਕਰਨਾ ਹੈ ਮਾਰਚ ਦੇ ਮਹੀਨੇ ਸਾਰੇ ਭਾਰਤ ਵਿੱਚ ਇੱਕੋ ਟਾਇਮ ਭੂ-ਮਾਫੀਆ ਤੇ ਜ਼ਬਰੀ ਜ਼ਮੀਨਾਂ ਹੜਪਣ ਵਾਲਿਆਂ ਦੇ ਖਿਲਾਫ਼ ਸਾਰੇ ਕ੍ਰਾਂਤੀਕਾਰੀ ਰਲਾ ਕੇ ਬਗ਼ਾਵਤ ਕਰਾਂਗੇ ਅਤੇ ਜ਼ਮੀਨਾਂ ਵਾਪਿਸ ਕਰਵਾਵਾਂਗੇ। ਤੇ ਹੋਰ ਜ਼ਮੀਨਾਂ ਨਹੀਂ ਆਪਣੇ ਕੋਲੋਂ ਉਹਨਾਂ ਕੋਲ ਨਹੀਂ ਜਾਣ ਦਿਆਂਗੇ। ਤੇ ਹੋਰ ਸਾਥੀ ਮੁਹੰਮਦ ਨੇ ਸਾਨੂੰ ਪਿਛਲੇ ਅੰਦੋਲਨ ਵਿੱਚ ਸਾਬਤ ਕਰਕੇ ਦਿਖਾ ਦਿੱਤਾ ਕਿ ਹੋਰ ਉਡੀਕ ਕੀਤੀ ਤਾਂ ਹੋਰ ਕਿਸਾਨ ਗੁਲਾਮ ਬਣ ਜਾਣਗੇ, ਫਿਰ ਇਹ ਭੂ-ਮਾਫੀਆ ਨਸ਼ੇ ਚਰਸ , ਸਮੈਕ, ਅਫ਼ੀਮ, ਸਪਲਾਈ ਕਰਕੇ ਸਮਗਲਰਾਂ ਰਾਹੀਂ ਸਾਡੇ ਭਾਰਤ ਵਿੱਚ ਨਸ਼ੇ ਭਰ ਦੇਣਗੇ ਇਹ ਸਾਡੀ ਜ਼ਮੀਨ 'ਤੇ ਕਬਜ਼ਾ ਕਰ ਲੈਣਗੇ। ਕਿਉਂਕਿ ਇਹ ਨਫ਼ਰਤ ਪੈਦਾ ਕਰ ਰਹੇ ਹਨ।

ਸਮਾਜ ਵਿੱਚ ਜਿਵੇਂ ਜਦੋਂ ਵੱਡੇ ਭੂ-ਮਾਫੀਆ ਜਾਂ ਕਾਰਖਾਨੇਦਾਰਾਂ ਨੂੰ ਪੜ੍ਹੇ-ਲਿਖੇ ਦੀ ਲੋੜ ਪੈਂਦੀ ਹੈ ਤਾਂ ਉਹ ਲੋਕਲ ਮੁਲਾਜ਼ਮ ਨਹੀਂ ਰੱਖਦੇ ਬਾਹਰ ਦੇ ਰੱਖਦੇ ਹਨ ਜਦ ਕੋਈ ਬਾਹਰ ਨੌਕਰੀ ਕਰੇਗਾ ਤਾਂ ਉਹ ਆਪਣਾ ਪਰਿਵਾਰ ਵੀ ਨਾਲ ਲੈ ਕੇ ਜਾਵੇਗਾ। ਉਸ ਦੀ ਮਾਲੀ ਹਾਲਤ ਕਮਜ਼ੋਰ ਹੋ ਜਾਵੇਗੀ। ਮਾ-ਬਾਪ ਨੂੰ ਸੁਖ ਨਹੀਂ ਦੇ ਸਕੇਗਾ। ਕਿਉਂਕਿ ਉਹ ਤਨਖਾਹ ਬਹੁਤ ਘੱਟ ਦਿੰਦੇ ਹਨ ਤਾਂ ਕਿ ਉਹ ਨਿਰਵਾਹ ਨਾ ਕਰ ਸਕੇ। ਘਰ ਛੋਟੇ ਤੇ ਖਰਚੇ ਜ਼ਿਆਦਾ ਹੁੰਦੇ ਹਨ। ਜਿਸ ਕਰਕੇ ਬਜ਼ੁਰਗ ਹਾਲਤ ਤੋਂ ਦੁਖੀ ਹੋ ਕੇ ਬਿਰਧ ਆਸ਼ਰਮ ਵਿੱਚ ਜਾ ਕੇ ਮੌਤ ਦੀ ਉਡੀਕ ਕਰਦੇ ਹਨ। ਪਹਿਲਾਂ ਇਹ ਸੱਚ ਨਹੀਂ ਆਉਂਦਾ ਸੀ ਕਿ ਮਾਂ ਪਿਉ ਬੱਚੇ ਛੱਡ ਕੇ ਬਿਰਧ ਆਸ਼ਰਮ ਮੌਤ ਉਡੀਕਣਗੇ। ਦਸ ਸਾਲ ਪਹਿਲਾਂ ਹਰਦੁਆਰ ਜਾਂ ਹਿੰਦੂ ਧਾਰਮਿਕ ਬਿਰਧ ਆਸ਼ਰਮ ਵਿੱਚ ਲੋਕ ਰਹਿੰਦੇ ਸੀ ਧਾਰਮਿਕ ਜਨੂੰਨੀਆਂ ਦਾ ਸ਼ਿਕਾਰ ਹੋ ਕੇ ਕਿਉਂਕਿ ਉਹ ਸੋਚਦੇ ਸਨ ਜੋ ਇੱਥੇ ਹਰਦੁਆਰ ਮੌਤ ਹੋ ਜਾਵੇ ਤਾਂ ਸਿੱਧਾ ਸਵਰਗ ਨੂੰ ਜਾਂਦਾ ਹੈ। ਤਾਂ ਬੁੱਢੇ ਆਸ਼ਰਮ ਵਿੱਚ ਮੌਤ ਉਡੀਕਦੇ ਹਨ। ਕਈ ਧਾਰਮਿਕ ਨਦੀਆਂ ਦੇ ਕਿਨਾਰੇ ਧਰਮ ਆਸ਼ਰਮ ਬਣਾਏ ਹਨ ਤੇ ਦੱਸਦੇ ਹਨ ਕਿ ਅੱਜ ਪਰਮਾਤਮਾ ਦਾ ਦੁਆਰਾ ਖੁੱਲ੍ਹਾ ਹੈ। ਨਦੀ ਵਿੱਚ ਡੁੱਬਕੀ ਲਗਾ ਲਉ ਤਾਂ ਸਵਰਗ ਚਲੇ ਜਾਉਗੇ। ਇਸ ਦਾ ਵੱਡਾ ਕਾਰਨ ਇਹ ਹੈ ਕਿ ਪਰਿਵਾਰਾਂ ਦਾ ਟੁੱਟ ਜਾਣਾ, ਪਿੰਡ ਦੀਆਂ ਜ਼ਮੀਨਾਂ ਵੇਚ ਦੇਣਾ। ਇੱਥੇ ਅਸੀਂ ਕਿਸੇ ਭੂ-ਮਾਫੀਆ ਨੂੰ ਜਿਹੜੇ ਕਿਸਾਨਾਂ ਤੋਂ ਧੋਖੇ ਨਾਲ ਜ਼ਮੀਨ ਆਪਣੇ ਨਾਂ ਲਗਵਾ ਗਏ ਹਨ, ਜਾਅਲੀ ਅੰਗੂਠੇ ਲਵਾ ਕੇ ਪਟਵਾਰੀਆਂ ਨਾਲ ਮਿਲ ਕੇ ਅਸੀਂ ਉਹਨਾਂ ਨੂੰ ਇਉਂ ਧੋਖੇ ਨਾਲ ਹਥਿਆਈਆਂ ਜ਼ਮੀਨਾਂ ਦਾ ਕਬਜ਼ਾ ਨਹੀਂ ਲੈਣ ਦੇਵਾਂਗੇ। ਅਸੀਂ ਇੱਥੇ ਜਥੇਬੰਦ ਹੋ ਰਹੇ ਹਨ। ਜਦੋਂ ਇਨਕਮ ਟੈਕਸ ਵਾਲੇ ਭੂ-ਮਾਫੀਆ ਤੋਂ ਪੁੱਛਣਗੇ ਕਿ ਇੰਨੀ ਜ਼ਮੀਨ ਕਿੱਥੋਂ ਖਰੀਦੀ ਹੈ ਤਾਂ ਉਹਨਾਂ ਕੋਲ ਕੋਈ ਯੋਗ ਜੁਆਬ ਨਹੀਂ ਹੋਵੇਗਾ।

ਕੁਝ ਸਾਥੀਆਂ ਨੇ ਕਿਹਾ ਤੁਹਾਡੇ ਆਉਣ ਦੀ ਖੁਸ਼ੀ ਵਿੱਚ ਇੱਕ ਛੋਟੀ ਪਾਰਟੀ ਕੀਤੀ ਹੈ ਸਿਰਫ਼ ਚਾਹ-ਪਾਣੀ ਦੀ। ਇਸ ਦੀ ਕੀ ਲੋੜ ਸੀ। ਪਾਰਟੀਆਂ ਉਦੋਂ ਮਨਾਵਾਂਗੇ ਜਦੋਂ ਜਿੱਤ ਪ੍ਰਾਪਤ ਕਰ ਲਈ। ਇਹ ਲੁਟੇਰੇ ਸਾਡੇ ਘਰ ਜ਼ਮੀਨਾਂ ਨੂੰ ਖੋਹ ਕੇ ਸਾਨੂੰ ਗੁਲਾਮ ਸਾਨੂੰ ਗੁਲਾਮ ਬਣਾ ਰਹੇ ਹਨ, ਬੱਸ ਠੀਕ ਹੈ, ਚਾਹ ਪੀ ਲੈਂਦੇ ਹਾਂ।

ਉਹ ਅਜੇ ਚਾਹ-ਪੀਣ ਹੀ ਲੱਗੇ ਸੀ ਕਿ ਇੰਨੇ ਵਿੱਚ ਕੁੱਝ ਕ੍ਰਾਂਤੀਕਾਰੀ ਸਾਥੀ ਭੱਜੇ ਹੋਏ ਆਏ ਕਿ ਪੰਜਾਹ ਕਿਸਾਨਾਂ ਦੀ ਜ਼ਮੀਨ ਤੇ ਇੱਕ ਕੰਪਨੀ ਜ਼ਬਰਦਸਤੀ ਕਬਜ਼ਾ ਕਰ ਰਹੀ ਹੈ। ਕ੍ਰਾਂਤੀ ਊਸ਼ਾ ਨੇ ਉੱਥੇ ਹੀ ਗਲਾਸ ਰੱਖਿਆ ਤੇ ਉੱਧਰ ਨੂੰ ਚੱਲ ਪਈ। ਹਨ੍ਹੇਰਾ ਹੋ ਰਿਹਾ ਸੀ ਤੇ ਸੂਰਜ ਡੁੱਬ ਰਿਹਾ ਸੀ, ਡੁੱਬਦੇ ਹੋਏ ਸੂਰਜ ਦੀ ਲਾਲੀ ਉਹਨਾਂ ਵਿੱਚ ਹੋਰ ਵੀ ਉਤਸ਼ਾਹ ਭਰ ਰਹੀ ਸੀ। ਤੇ ਚਾਰੇ ਪਾਸੇ ਲਾਲੀ ਬਿਖੇਰ ਰਿਹਾ ਸੀ। ਇਸ ਨੂੰ ਵੇਖ ਕੇ ਹੋਰ ਉਤਸ਼ਾਹ ਪੈਦਾ ਹੋਇਆ ਸੀ। ਕਿਸਾਨਾਂ ਦਾ ਸੂਰਜ ਨਹੀਂ ਡੁੱਬੇਗਾ। ਮਾਂ ਭੱਜੀ ਆਈ, ਕ੍ਰਾਂਤੀ ਊਸ਼ਾ, ਕ੍ਰਾਂਤੀ ਊਸ਼ਾ, ਕ੍ਰਾਂਤੀ

ਬਾਕੀ ਸਫਾ III 'ਤੇ

ਕਹਾਣੀ

ਖਲਨਾਇਕ

ਵਰਿੰਦਰ ਆਜ਼ਾਦ

ਉਸ ਨੂੰ ਵੇਖ ਕੇ ਮੈਂ ਰੁਕ ਗਿਆ, ਉਹ ਆਂਡਿਆਂ ਵਾਲੀ ਰੇਹੜੀ ਤੇ ਖੜ੍ਹਾ ਆਂਡੇ ਖਾ ਰਿਹਾ ਸੀ। ਮੈਂ ਉਸਨੂੰ ਮਜ਼ਾਕ ਨਾਲ ਕਿਹਾ, "ਕੱਲ੍ਹਾ-ਕੱਲ੍ਹਾ ਕਿਉਂ? ਤੈਨੂੰ ਹੋਰ ਕੋਈ ਨਜ਼ਰ ਨਹੀਂ ਆ ਰਿਹਾ।"

"ਸੰਦੀਪ ਤੂੰ ਖਾ।" ਲੈ ਯਾਰ ਤੇਰੇ ਨਾਲੋਂ ਆਂਡੇ ਚੰਗੇ, ਹੋਰ ਦੱਸ ਕੀ ਖਾਣਾ।"

ਮੈਂ ਨੇੜੇ ਆਇਆ ਤਾਂ ਉਸ ਦੇ ਮੂੰਹ ਵਿੱਚੋਂ ਲਾਹਨ ਦੀ ਭੈੜੀ ਜਿਹੀ ਬਦਬੂ ਆਈ। ਆਂਡਾ ਵਿੱਚ ਹੀ ਛੱਡ ਕੇ ਉਸ ਨੇ ਮੈਨੂੰ ਘੁੱਟ ਕੇ ਜੱਫੀ ਪਾ ਲਈ।

"ਮੇਰਾ ਭਾਅ ਆ ਗਿਆ? ਕੀ ਖਾਣਾ ਹੈ? ਪੈਸੇ ਦੀ ਤਾਂ ਮਹਾਰਾਜ ਦੀ ਕ੍ਰਿਪਾ ਹੈ। ਕੋਈ ਹੋਰ ਸੇਵਾ ਦੱਸ ਤੇਰੇ ਲਈ ਤਾਂ ਜਾਨ ਵੀ ਹਾਜ਼ਰ ਹੈ।" ਉਸ ਦੀਆਂ ਗੱਲਾਂ ਸੁਣ ਕੇ ਮੇਰਾ ਹਾਸਾ ਨਿਕਲ ਗਿਆ।

"ਮਾਮਾ ਤੇਰੇ ਉੱਤੇ ਤਾਂ ਸਦਾ ਹੀ ਮਹਾਰਾਜ ਦੀ ਕ੍ਰਿਪਾ ਹੁੰਦੀ ਹੈ, ਹੋਰ ਸੁਣਾ ਤੇਰਾ ਕੀ ਹਾਲ ਹੈ?" ਗੱਲਾਂ ਕਰਦੇ-ਕਰਦੇ ਇੰਨੇ ਨੂੰ ਇੱਕ ਹੋਰ ਬੰਦਾ ਆਇਆ। ਉਹ ਜਸਪਾਲ ਦਾ ਜੀਜਾ ਲੱਗਦਾ, ਮੈਨੂੰ ਚੰਗੀ ਤਰ੍ਹਾਂ ਜਾਣਦਾ ਸੀ। ਆਉਂਦੇ ਹੀ ਬੋਲਿਆ, "ਸਤਿ ਸ੍ਰੀ ਅਕਾਲ ਭਾਅ ਜੀ।" ਅਗੋਂ ਮੈਂ ਵੀ ਗਰਮ ਜੋਸ਼ੀ ਨਾਲ ਸਵਾਗਤ ਕਰਦੇ ਹੋਏ ਸਤਿ ਸ੍ਰੀ ਅਕਾਲ ਦਾ ਜਵਾਬ ਦਿੱਤਾ। "ਹੋਰ ਸੁਣਾਓ ਕੀ ਹਾਲ ਹੈ?" ਮੈਂ ਕਿਹਾ।

"ਬੱਸ ਠੀਕ ਹੈ, ਤੁਸੀਂ ਸੁਣਾਓ ਘਰ ਪਰਿਵਾਰ ਦਾ ਕੀ ਹਾਲ ਹੈ?" ਉਹ ਜਸਪਾਲ ਨੂੰ ਕਹਿੰਦਾ ਬੋਲਿਆ "ਤੂੰ ਇੱਥੇ ਕੀ ਕਰਦਾ ਪਿਐਂ।" ਜਸਪਾਲ ਉਸ ਬੰਦੇ ਕੋਲ ਆਇਆ ਤੇ ਬੋਲਿਆ, ਜੀਜਾ ਜੀ ਆਂਡੇ ਖਾਂਦਾ ਪਿਆ ਹਾਂ, ਤੁਸੀਂ ਵੀ ਖਾ ਲਉ। ਦੋ ਆਂਡੇ ਹੋਰ ਦੇਵੀਂ, ਜਸਪਾਲ ਨੇ ਆਖਿਆ।

"ਨਹੀਂ, ਜਸਪਾਲ ਮੈਂ ਆਂਡੇ ਨਹੀਂ ਖਾਣੇ।"

"ਕਿਉਂ ਨਹੀਂ ਖਾਣੇ ਜੀਜਾ ਜੀ? ਇਹ ਵੀ ਕੋਈ ਗੱਲ ਹੋਈ।" ਮੱਲੋ-ਮੱਲੀ ਜਸਪਾਲ ਨੇ ਪਲੇਟ ਜੀਜੇ ਅੱਗੇ ਕਰ ਦਿੱਤੀ।"

"ਭਾਅ ਜੀ ਤਾਂ ਆਂਡੇ ਖਾਂਦੇ ਨਹੀਂ।" ਜਸਪਾਲ ਦੇ ਜੀਜੇ ਨੇ ਮੈਨੂੰ ਕਿਹਾ।"

"ਸੰਦੀਪ ਮੇਰਾ ਭਾਅ ਹੈ। ਇਸ ਲਈ ਤਾਂ ਜਾਨ ਵੀ ਹਾਜ਼ਰ ਹੈ, ਅਗਰ ਕੋਈ ਇਸ ਦੀ ਸ਼ਾਨ ਦੇ ਖਿਲਾਫ ਕੁੱਝ ਕਹੇ ਤਾਂ ਮੇਰੇ ਤੋਂ ਬੁਰਾ ਕੋਈ ਨਹੀਂ ਹੋਵੇਗਾ।" ਮੇਰੇ ਪ੍ਰਤੀ ਜਸਪਾਲ ਮੋਹ ਵਿਖਾਉਂਦਾ ਹੋਇਆ ਬੋਲਿਆ। ਚੱਲੋ ਭਾਅ ਜੀ ਘਰ ਚੱਲੋ, ਘਰ ਨੇੜੇ ਹੀ ਹੈ, ਮੈਂ ਕਿਹਾ । ਜੀਜੇ ਨੇ ਆਪਣਾ ਪਨ ਵਿਖਾਉਂਦੇ ਮੈਨੂੰ ਕਿਹਾ,"ਕੋਈ ਨਹੀਂ ਫਿਰ ਚੱਲਾਂਗੇ। ਅੱਜ ਮੈਨੂੰ ਘਰ ਕੁੱਝ ਕੰਮ ਹੈ, ਛੇਤੀ ਜਾਣਾ ਹੈ...।"

ਮੇਰੇ ਅੰਦਰ ਜਸਪਾਲ ਅਤੇ ਉਸ ਦੇ ਜੀਜੇ ਪ੍ਰਤੀ ਮੋਹ ਜਾਗਿਆ। ਇਹ ਲਫਜ਼ ਕਹਿ ਕੇ ਮੈਂ ਉੱਥੋਂ ਤੁਰ ਪਿਆ।

ਜਸਪਾਲ ਨਾਲ ਮੇਰੇ 15-16 ਸਾਲ ਪੁਰਾਣੇ ਸਬੰਧ ਹਨ। ਅਸੀਂ ਇਕੱਠੇ ਹੀ ਕੰਮ ਕਰਦੇ ਹਾਂ। ਇਹ ਫੈਕਟਰੀ ਜਸਪਾਲ ਦੇ ਮਾਮੇ ਦੀ ਹੈ। ਜਸਪਾਲ ਬਚਪਨ ਤੋਂ ਹੀ ਇਸ ਫੈਕਟਰੀ ਵਿੱਚ ਕੰਮ ਕਰਦਾ ਹੈ। ਜਸਪਾਲ ਬਹੁਤ ਘੱਟ ਪੜ੍ਹਿਆ-ਲਿਖਿਆ ਸੀ। ਜਸਪਾਲ ਅਤੇ ਇਕਬਾਲ ਦੋਵੇਂ ਸਕੇ ਭਰਾ ਸਨ ਅਤੇ ਪਿਉ ਦੀ ਇੱਕ ਛੋਟੀ ਜਿਹੀ ਕਰਿਆਨੇ ਦੀ ਦੁਕਾਨ ਸੀ। ਜਸਪਾਲ ਦੀ ਮਾਂ ਬਹੁਤ ਤੇਜ਼ ਤਰਾਰ ਔਰਤ ਸੀ। ਜਸਪਾਲ ਦੇ ਪਿਉ ਨੂੰ ਕੁੱਝ ਨਾ ਸਮਝਦੀ ਅਤੇ ਲੜਾਈ-ਝਗੜਾ ਕਰਕੇ ਆਪਣੀ ਗੱਲ ਮਨਵਾਉਣ ਵਿੱਚ ਪੂਰੀ ਤਰ੍ਹਾਂ ਮਾਹਿਰ ਹੈ। ਜਸਪਾਲ ਉਸ ਦਾ ਲਾਡਲਾ ਮੁੰਡਾ ਹੈ। ਚਾਰ ਕੁੜੀਆਂ ਸਨ ਜਿਹਨਾਂ ਵਿੱਚੋਂ ਦੋ ਕੁੜੀਆਂ ਦਾ ਵਿਆਹ ਕਾਫ਼ੀ ਸਮਾਂ ਪਹਿਲਾਂ ਕਰ ਦਿੱਤਾ ਗਿਆ ਸੀ। ਦੋ ਕੁੜੀਆਂ ਹਾਲੀ ਕੁਆਰੀਆਂ ਹੀ ਸਨ। ਜਸਪਾਲ ਦੇ ਮਾਮੇ ਦੇ ਦੋ ਮੁੰਡੇ ਨਾਲ ਹੀ ਕੰਮ ਕਰਦੇ ਸਨ। ਕੁੱਝ ਕੁ ਹੀ ਪੜ੍ਹੇ-ਲਿਖੇ ਸਨ, ਜ਼ਿਆਦਾ ਨਹੀਂ, ਉਸ ਤਰ੍ਹਾਂ ਹਿਸਾਬ ਕਰ ਲੈਂਦੇ ਸਨ। ਜਸਪਾਲ ਦਾ ਮਾਮਾ ਸ਼ਰਾਬੀ ਸੀ। ਕਾਰੋਬਾਰ ਦੇ ਮਾਮਲੇ ਵਿੱਚ ਉਸ ਨੇਲੋਂ ਕੋਈ ਸਿਆਣਾ ਨਹੀਂ ਸੀ। ਜਸਪਾਲ ਦੇ ਮਾਮੇ ਦੇ ਮੁੰਡੇ ਉਮਰ ਵਿੱਚ ਜਸਪਾਲ ਨਾਲੋਂ ਕਾਫ਼ੀ ਵੱਡੇ ਸਨ। ਦੋਵੇਂ ਸ਼ਰਾਬ ਦੇ ਪੱਕੇ ਖਿਡਾਰੀ ਸਨ। ਜਸਪਾਲ ਦਾ ਮਾਮਾ ਵਿਆਹ ਵਿੱਚ ਗਿਆ ਆਉਂਦੇ ਸਮੇਂ ਕਾਰ ਦਾ ਐਕਸੀਡੈਂਟ ਹੋ ਗਿਆ। ਮਾਮੇ ਦੇ ਕਾਫ਼ੀ ਸੱਟਾਂ ਲੱਗੀਆਂ, ਕੁੱਝ ਦਿਨ ਠੀਕ ਰਿਹਾ ਫਿਰ ਸਿਹਤ ਖਰਾਬ ਹੋ ਗਈ, ਕਾਫ਼ੀ ਇਲਾਜ ਕਰਵਾਇਆ। ਅੰਤ ਜਸਪਾਲ ਦਾ ਮਾਮਾ ਜਹਾਨੋਂ ਤੁਰ ਗਿਆ। ਸਭ ਨੂੰ ਕੁਝ ਦਿਨ ਤਾਂ ਇਹੋ ਚਿੰਤਾ ਲੱਗੀ ਰਹੀ ਕਿ ਮੁੰਡੇ ਪਿਉ ਦਾ ਕੰਮ ਸਾਂਭ ਲੈਣਗੇ ਕਿ ਨਹੀਂ? ਸਭ ਦੇ ਸ਼ੰਕੇ (ਚਿੰਤਾ) ਰਫੂ-ਚੱਕਰ ਹੋ ਗਏ ਜਦੋਂ ਦੋਵੇਂ ਹੱਦੋਂ ਵੱਧ ਸਿਆਣੇ ਅਤੇ ਲਾਈਕ ਨਿਕਲੇ। ਦੋਵੇਂ ਭਰਾ ਦਿਨੋ-ਦਿਨ ਤਰੱਕੀ ਦੀਆਂ ਪਾਉੜੀਆਂ ਚੜ੍ਹਨ ਲੱਗੇ। ਵੱਡਾ ਹਰਦੀਪ ਅਤੇ ਛੋਟਾ ਗੁਰਦੀਪ। ਦੋਵੇਂ ਭਰਾ ਸ਼ਰਾਬ ਤਾਂ ਚੰਗੀ ਪੀ ਲੈਂਦੇ ਸਨ, ਫਿਰ ਵੀ ਸ਼ਰਾਬ ਕਦੇ ਵੀ ਉਹਨਾਂ ਦਾ ਨੁਕਸਾਨ ਨਾ ਕਰ ਸਕੀ। ਦੋਵੇਂ ਭਰਾ ਸ਼ਾਦੀ-ਸ਼ੁਦਾ ਬਾਲ ਬੱਚੇਦਾਰ ਸਨ।

***

ਜਸਪਾਲ ਉਮਰ ਵਿੱਚ ਆਪਣੇ ਮਾਮੇ ਦੇ ਮੁੰਡਿਆਂ ਨਾਲੋਂ ਕਾਫ਼ੀ ਛੋਟਾ ਸੀ। ਤੇ ਉਹ ਉਸ ਨੂੰ ਭਰਾ ਨਹੀਂ ਆਪਣਾ ਬੱਚਾ ਵੱਧ ਸਮਝਦੇ ਸਨ। ਜਸਪਾਲ ਦਾ ਮਾਮਾ ਅਕਸਰ ਜਸਪਾਲ ਦੇ ਪਿਉ ਨੂੰ ਕਹਿੰਦਾ,"ਜੀਜਾ ਜੀ ਕੰਮ ਸਿੱਖਣ ਦੀ ਕਾਫ਼ੀ ਉਮਰ ਪਈ ਹੈ, ਮੁੰਡਾ ਪੜ੍ਹ-ਲਿਖ ਜਾਵੇ ਤਾਂ ਚੰਗੀ ਗੱਲ ਹੈ। ਪੜ੍ਹਾਈ ਕੰਮ ਆਉਂਦੀ ਹੈ ਜ਼ਿੰਦਗੀ ਵਿੱਚ। ਫੈਕਟਰੀ ਤਾਂ ਆਪਣੀ ਹੈ ਜਦ ਮਰਜ਼ੀ ਕੰਮ ਸਿੱਖ ਲਉ। ਅਸੀਂ ਕਿਹੜਾ ਨਾਂਹ ਕਰਨੀ ਹੈ।"

"ਗੱਲ ਤਾਂ ਤੇਰੀ ਠੀਕ ਹੈ, ਤੇਰੀ ਗੱਲ ਮੇਰੇ ਦਿਮਾਗ ਵਿੱਚ ਅਉਂਦੀ ਹੈ। ਤੇਰੀ ਭੈਣ ਦਾ ਤਾਂ ਤੈਨੂੰ ਪਤਾ ਹੀ ਹੈ ਸਾਰੇ ਦਾ ਸਾਰਾ ਵਿਗਾੜ ਉਸ ਦਾ ਪਿਆ ਹੋਇਆ ਹੈ। ਵੱਡਾ ਤਾਂ ਪਹਿਲੇ ਦਾ ਹੀ ਵਿਗੜਿਆ ਹੋਇਆ ਹੈ। ਹੁਣ ਛੋਟੇ ਦਾ ਤਾਂ ਬਹੁਤਾ ਹੀ ਆਵਾ ਊਤਿਆ ਪਿਆ ਹੈ। ਕੁੱਝ ਕਹਾਂ ਤਾਂ ਤੇਰੀ ਭੈਣ ਸਿਰ ਦੇ ਵਾਲਾਂ ਨੂੰ ਆਉਂਦੀ ਹੈ। ਇਹ ਸਕੂਲ ਤਾਂ ਜਾਂਦਾ ਨਹੀਂ। ਸਾਰਾ ਦਿਨ ਅਵਾਰਾ-ਗਰਦੀ ਕਰਦਾ ਰਹਿੰਦਾ ਹੈ। ਜਸਪਾਲ ਬਿੱਲਕੁੱਲ ਕਹਿਣਾ ਨਹੀਂ ਮੰਨਦਾ...।"

"ਠੀਕ ਹੈ ਤੁਹਾਡੀ ਗੱਲ ਜੀਜਾ ਜੀ, ਕਰਮਾਂ ਤੋਂ ਬਗ਼ੈਰ ਪੜ੍ਹਾਈ ਨਹੀਂ। ਹਰਦੀਪ ਅਤੇ ਗੁਰਦੀਪ ਵੀ ਘੱਟ ਹੀ ਪੜ੍ਹੇ-ਲਿਖੇ ਹਨ, ਪਰ ਇੱਕ ਸਿਫ਼ਤ ਹੈ ਉਹਨਾਂ ਦੋਹਾਂ ਭਰਾਵਾਂ ਦੀ, ਮੇਰੀ ਬਹੁਤ ਇੱਜ਼ਤ ਕਰਦੇ ਹਨ। ਤੁਹਾਨੂੰ ਤਾਂ ਪਤਾ ਹੀ ਹੈ, ਤੁਸੀਂ ਸਭ ਦੇਖਿਆ ਹੈ। ਕਾਰੋਬਾਰ ਨੂੰ ਵੀ ਬੜੀ ਚੰਗੀ ਤਰ੍ਹਾਂ ਸਾਂਭ ਲਿਆ ਹੈ। ਉਹਨਾਂ ਦੇ ਸਿਰ 'ਤੇ ਕੋਈ ਫ਼ਿਕਰ ਨਹੀਂ ਰਿਹਾ...।"

"ਉਹ ਤਾਂ ਮੈਨੂੰ ਪਤਾ ਹੈ ਦਲੀਪ ਸਿਹਾਂ! ਰੱਬ ਤੇਰੇ ਵਰਗੀ ਔਲਾਦ ਸਭ ਨੂੰ ਦੇਵੇ।"

ਜਸਪਾਲ ਤੋਂ ਵੱਡਾ ਤਾਂ ਨਸ਼ਾ ਵਗੈਰਾ ਵੀ ਕਰਦਾ ਸੀ, ਉਸ ਨੇ ਤਾਂ ਸਰਦਾਰੀ ਨੂੰ ਲਾਜ ਲਾ ਦਿੱਤੀ ਸੀ। ਜਦ ਉਹ ਬੀਵੀ ਤੰਬਾਕੂ ਖਾਂਦਾ ਤਾਂ ਪਿਉ ਨੂੰ ਬਹੁਤ ਦੁੱਖ ਲੱਗਦਾ। ਵਾਲ ਤਾਂ ਉਸ ਨੇ ਪਹਿਲਾਂ ਕਟਾ ਲਏ ਸਨ।

" ਜੀਜਾ ਜੀ! ਭੈਣ ਸਾਡੀ ਦੀ ਤਾਂ ਕਿਸਮਤ ਹੀ ਮਾੜੀ ਹੈ। ਵੱਡਾ ਤਾਂ ਮਹਾਂ ਨਲਾਇਕ ਹੈ, ਹੁਣ ਜਸਪਾਲ ਨੂੰ ਖਿੱਚ ਕੇ ਰੱਖੋ। ਅਸੀਂ ਵੀ ਇਸ ਨੂੰ ਖਿੱਚ ਕੇ ਰੱਖਾਂਗੇ। ਇਸ ਨੂੰ ਵਿਗੜਨ ਨਹੀਂ ਦਿੰਦੇ...।"

ਹਰਦੀਪ ਅਤੇ ਗੁਰਦੀਪ ਵੀ ਜਸਪਾਲ ਦਾ ਬਹੁਤ ਧਿਆਨ ਰੱਖਦੇ ਸਨ। ਆਖ਼ਿਰ ਭੂਆ ਦਾ ਮੁੰਡਾ ਜੁ ਸੀ। ਇਕਬਾਲ ਦਾ ਵਿਆਹ ਹੋ ਗਿਆ। ਇਕਬਾਲ ਘਰ ਵਿੱਚ ਕੰਮ ਕਰਦਾ ਆਪਣੇ ਕੰਮ ਦਾ ਕਾਰੀਗਰ ਹੈ। ਸ਼ਹਿਰ ਵਿੱਚ ਉਸ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਨਸ਼ਿਆਂ ਦੇ ਮਾਮਲੇ ਵਿੱਚ ਵੀ ਸ਼ਹਿਰ ਵਿੱਚ ਉਸ ਤੋਂ ਅੱਗੇ ਕੋਈ ਨਹੀਂ ਸੀ। ਜਨਾਨੀ ਹੱਦੋਂ ਵੱਧ ਚਲਾਕ, ਘਟੀਆ ਕਿਸਮ ਦੀ ਔਰਤ। ਇਕਬਾਲ ਦੇ ਸਹੁਰੇ ਬੱਸ ਰੱਬ ਦਾ ਹੀ ਨਾਮ। ਇਕਬਾਲ ਦਾ ਸਹੁਰਾ ਵੀ ਬੱਸ

ਬਾਕੀ ਸਫਾ III 'ਤੇ



ਆਜ਼ਾਦੀ ਸੰਗਰਾਮੀ ਅਜੀਤ ਸਿੰਘ ਬਾਰੇ ਦਸਤਾਵੇਜ਼ੀ ਨਾਵਲ/ ਕਿਸ਼ਤ-50

ਬਾਗ਼ੀ ਮਸੀਹਾ

ਅਜੀਤ ਰਾਹੀ

ਸਾਡੇ ਚੌਕੀ ਵਿੱਚ ਪਹੁਚਣ ਤੋਂ ਦਸ ਕੁ ਮਿੰਟ ਬਾਅਦ ਇੱਕ ਬੰਦਾ ਬੜੀ ਕਾਹਲੀ ਵਿਖਾਉਂਦਾ ਹੋਇਆ ਚੌਂਕੀ ਵਿੱਚ ਆਇਆ ਅਤੇ ਸਾਨੂੰ ਗੋਰੇ ਬਿਨਾਂ ਫੌਜੀ ਕਮਾਂਡਰ ਨਾਲ ਗੱਲਬਾਤ ਕਰਨ ਲੱਗ ਪਿਆ। ਉਸ ਨੇ ਕਿਹਾ ਕਿ ਉਸ ਨੂੰ ਤੁਰੰਤ ਕੂਚ ਕਰਨ ਦਾ ਸੁਨੇਹਾ ਮਿਲਿਆ ਹੈ। ਉਸ ਨੇ ਦੱਸਿਆ ਕਿ ਇਹ ਕੂਚ ਕਰਨ ਦਾ ਸੁਨੇਹਾ ਇੰਨੀ ਕਾਹਲੀ ਵਿੱਚ ਮਿਲਿਆ ਕਿ ਉਹ ਆਪਣੀ ਮਾਂ ਨੂੰ ਵੀ ਨਹੀਂ ਮਿਲ ਸਕਿਆ, ਜਿਹੜੀ ਕਿਸੇ ਹੋਰ ਸ਼ਹਿਰ ਵਿੱਚ ਰਹਿੰਦੀ ਹੈ। ਜਦੋਂ ਉਹ ਉੱਪਰ ਹੇਠਾਂ ਹੋ-ਹੋ ਕੇ ਗੱਲਾਂ ਕਰ ਰਿਹਾ ਸੀ ਤਾਂ ਮੇਰੇ ਨਾਲ ਬੈਠੇ ਇੱਕ ਬੱਚੇ ਨੂੰ ਲੱਗਾ ਕਿ ਉਸਦਾ ਜਰਮ ਭਾਸ਼ਾ ਵਰਗਾ ਉਚਾਰਨ ਹੈ। ਮੁੰਡੇ ਨੇ ਮੈਨੂੰ ਪੁੱਛਿਆ ਤੁਹਾਨੂੰ ਕਿਵੇਂ ਲੱਗਦਾ ਹੈ। ਮੈਂ ਮੁੰਡੇ ਦੇ ਸਵਾਲ ਦੇ ਜਵਾਬ ਵਿੱਚ ਸਿਰਫ ਮੁਸਕਰਾ ਛੱਡਿਆ ਅਤੇ ਕੋਈ ਜਵਾਬ ਨਾ ਦਿੱਤਾ। ਉੱਪਰ ਹੇਠਾਂ ਹੋਣ ਦੀਆਂ ਹਰਕਤਾਂ ਕਰਨ ਵਾਲਾ ਉਹ ਆਦਮੀ ਥੋੜ੍ਹੀ ਦੇਰ ਬਾਅਦ ਖਿਸਕ ਗਿਆ। ਮੁੰਡਾ ਕਮਾਂਡਰ ਕੋਲ ਗਿਆ ਅਤੇ ਉਸ ਨੂੰ ਆਪਣੀ ਸ਼ੱਕ ਬਾਰੇ ਕਮਾਂਡਰ ਨੂੰ ਦੱਸਿਆ ਕਿ ਇਹ ਆਦਮੀ ਮੈਨੂੰ ਜਸੂਸ ਲੱਗਦਾ ਹੈ। ਕਮਾਂਡਰ ਕੁੱਝ ਨਾ ਬੋਲਿਆ, ਪਰ ਉਸ ਨੇ ਇੱਕ ਆਦਮੀ ਉਸ ਦੀਆਂ ਹਰਕਤਾਂ ਉੱਤੇ ਨਿਗ੍ਹਾ ਰੱਖਣ ਲਈ ਉਸ ਦੇ ਮਗਰ ਭੇਜ ਦਿੱਤਾ। ਮਗਰੋਂ ਗਏ ਸਿਪਾਹੀ ਨੇ ਕੁੱਝ ਦੇਰ ਬਾਅਦ ਆ ਕੇ ਕਮਾਂਡਰ ਨੂੰ ਦੱਸਿਆ ਕਿ ਉਹ ਆਦਮੀ ਸੱਚੀ-ਮੁੱਚੀਂ ਸ਼ੱਕੀ ਹੈ ਉਹ ਤੁਰਿਆ ਜਾਂਦਾ ਘੜੀ-ਮੁੜੀ ਪਿੱਛੇ ਮੁੜ-ਮੁੜ ਕੇ ਦੇਖ ਰਿਹਾ ਕਿ ਕਿਤੇ ਕੋਈ ਉਸ ਦਾ ਪਿੱਛਾ ਤਾਂ ਨਹੀਂ ਕਰ ਰਿਹਾ। ਕਮਾਂਡਰ ਨੇ ਉਸ ਮਗਰ ਘੋੜ ਸਵਾਰ ਨੂੰ ਉਸ ਨੂੰ ਫੜ ਲਿਆਉਣ ਲਈ ਘੋਲ ਦਿੱਤਾ। ਕੁੱਝ ਦੇਰ ਬਾਅਦ ਜਦੋਂ ਘੋੜ ਸਵਾਰ ਉਸ ਆਦਮੀ ਨੂੰ ਫੌਜੀ ਚੌਂਕੀ ਅੰਦਰ ਲੈ ਕੇ ਆਇਆ ਅਤੇ ਕਮਾਂਡਰ ਅੱਗੇ ਪੇਸ਼ ਕੀਤਾ। ਕਮਾਂਡਰ ਨੇ ਉਸਨੂੰ ਚੰਗੀ ਤਰ੍ਹਾਂ ਘੋਖਿਆ ਅਤੇ ਕੂਚ ਕਰਨ ਦੇ ਹੁਕਮ ਪੇਸ਼ ਕਰਨ ਲਈ ਕਿਹਾ। ਉਸ ਨੇ ਕਿਹਾ ਕਿ ਉਹ ਕਾਹਲੀ ਵਿੱਚ ਭੁੱਲ ਆਇਆ ਹੈ। ਉਸ ਕੋਲ ਉਸ ਦੇ ਫਰਾਂਸੀਸੀ ਹੋਣ ਦਾ ਵੀ ਕੋਈ ਪਛਾਣ ਪੱਤਰ ਜਾਂ ਸਬੂਤ ਨਹੀਂ ਸੀ। ਇਸ ਲਈ ਉਸ ਨੂੰ ਉੱਥੇ ਰੋਕ ਲਿਆ ਗਿਆ। ਜੰਗ ਦੇ ਦਿਨਾਂ ਵਿੱਚ ਫੌਜੀਆਂ ਨੂੰ ਕਿਸ ਤਰ੍ਹਾਂ ਦੀਆਂ ਹਾਲਾਤਾਂ ਵਿੱਚੋਂ ਲੰਘਣਾ ਪੈਂਦਾ ਹੈ। ਇਸ ਦਾ ਅਹਿਸਾਸ ਮੈਨੂੰ ਇੱਥੇ ਰਹਿ ਕੇ ਹੋ ਰਿਹਾ ਸੀ। ਦੁਸ਼ਮਣ ਕਿਸ ਤਰ੍ਹਾਂ ਦੀਆਂ ਚਾਲਾਂ ਚੱਲ ਸਕਦਾ ਹੈ। ਹਰ ਸਾਲ ਦਾ ਬੜੀ ਸਮਝਦਾਰੀ ਨਾਲ ਜਵਾਬ ਦੇਣਾ ਪੈਂਦਾ ਹੈ। ਜੇਕਰ ਥੋੜ੍ਹੀ ਜਿਹੀ ਵੀ ਕੁਤਾਹੀ ਹੋ ਜਾਵੇ ਤਾਂ ਕੁਤਾਹੀ, ਤਬਾਹੀ ਬਣ ਜਾਂਦੀ ਹੈ।

ਅਸੀਂ ਅਗਲੀ ਸਵੇਰ ਪੰਜ ਵਜੇ ਵਾਲੀ ਪਹਿਲੀ ਟਰਾਮ ਫੜ ਲਈ ਅਤੇ ਲਿੱਲੀ

ਬਾਕੀ ਸਫਾ III 'ਤੇ

ਬਾਲ ਸਾਹਿਤ ਦੇ ਸਿਰਜਕ-13

ਰਸਾਲੇ ਗਿਆਨ ਦੇ ਗੁਲਦਸਤੇ ਨੇ-ਅਮਰੀਕ ਸਿੰਘ ਤਲਵੰਡੀ

ਮੁਲਾਕਾਤੀ
ਬਲਜਿੰਦਰ ਮਾਨ

ਸਾਹਿਤ ਸਿਰਜਣਾ ਇੱਕ ਸਾਧਨ ਹੈ। ਇਸ ਸਾਧਨ ਵਿੱਚ ਅਮਰੀਕ ਸਿੰਘ ਤਲਵੰਡੀ ਆਪ ਵੀ ਬਾਲ ਉਮਰ ਤੋਂ ਜੁੱਟਿਆ ਹੋਇਆ ਹੈ। ਉਸ ਨੇ ਭਰੀ ਜਵਾਨੀ ਵਿੱਚ ਸ਼ਾਨਦਾਰ ਗੀਤਾਂ ਦੀ ਰਚਨਾ ਕੀਤੀ, ਜਿਨ੍ਹਾਂ ਨੂੰ ਸਮੇਂ ਦੇ ਚੋਟੀ ਦੇ ਗਾਇਕਾਂ ਨੇ ਗਾਇਆ। ਅਧਿਆਪਨ ਕਾਰਜ ਨੂੰ ਇੰਨਾ ਸਮਰਪਿਤ ਹੋਇਆ ਕਿ ਰਾਜ ਅਤੇ ਕੌਮੀ ਅਧਿਆਪਕ ਪੁਰਸਕਾਰ ਜਿੱਤ ਗਿਆ। ਇੱਥੇ ਹੀ ਬੱਸ ਨਹੀਂ ਉਹ ਜਿਹੜਾ ਵੀ ਕਾਰਜ ਕਰਦਾ ਹੈ, ਉਸੇ ਨੂੰ ਹੀ ਸਮਰਪਿਤ ਹੋ ਜਾਂਦਾ ਹੈ। ਜੀਵਨ ਵਿੱਚ ਇੱਕ ਕਾਮਯਾਬ ਇਨਸਾਨ ਤੇ ਸਾਹਿਤਕਾਰ ਬਣਨ ਦਾ ਵੀ ਇਹੀ ਰਾਜ ਹੈ। ਲੁਧਿਆਣੇ ਦੀ ਤਹਿਸੀਲ ਜਗਰਾਓਂ ਦੇ ਪਿੰਡ ਤਲਵੰਡੀ ਵਿੱਚ ਜਨਮ ਲੈਣ ਵਾਲਾ ਇਹ ਸ਼ਾਇਰ ਅਨੇਕਾਂ ਮਾਨ-ਸਨਮਾਨ ਵੀ ਪ੍ਰਾਪਤ ਕਰ ਚੁੱਕਾ ਹੈ। ਅੱਜਕੱਲ੍ਹ ਉਸ ਦਾ ਬਸੇਰਾ ਮੁੱਲਾਂਪੁਰ ਵਿੱਚ ਹੈ। ਪੰਜ ਬਾਲ ਪੁਸਤਕਾਂ ਤੋਂ ਇਲਾਵਾ ਉਹ ਮਿੰਨੀ ਕਹਾਣੀ ਸੰਗ੍ਰਹਿ 'ਖਰੀਆਂ-ਖਰੀਆਂ' ਲੋਕ ਬੋਲੀਆਂ ਆਪ ਮੁਹਾਰੇ ਬੋਲ, ਕਾਵਿ ਸੰਗ੍ਰਹਿ ਵਿਰਸਾ ਆਪਨਾ ਲੈ ਸੰਭਾਲ ਅਤੇ ਸਮੇਂ ਦਾ ਸੱਚ ਛੱਪ ਚੁੱਕੀਆਂ ਹਨ। ਇੱਥੇ ਹੀ ਬੱਸ ਨਹੀਂ, ਉਸ ਦੇ ਗੀਤਾਂ ਦੀਆਂ ਵੀ ਇੱਕ ਦਰਜਨ ਦੇ ਕਰੀਬ ਪੁਸਤਕਾਂ ਛੱਪ ਕੇ ਪਾਠਕਾਂ ਤੱਕ ਪੁੱਜੀਆਂ ਹਨ। ਬੱਚਿਆਂ ਲਈ ਉਸ ਵੱਲੋਂ ਲਿਖੇ ਕਾਵਿ-ਪਹਾੜੇ ਬਹੁਤ ਮਸ਼ਹੂਰ ਹੋਏ, ਜਿਸ ਪੁਸਤਕ ਦੇ ਦੋ ਐਡੀਸ਼ਨ ਛੱਪ ਚੁੱਕੇ ਹਨ। ਇਨ੍ਹਾਂ ਪਹਾੜਿਆਂ ਦੇ ਬੋਰਡ ਜਿੱਥੇ ਉੱਚ ਸਿੱਖਿਆ ਅਧਿਕਾਰੀਆਂ ਦੇ ਦਫਤਰਾਂ ਦਾ ਸ਼ਿੰਗਾਰ ਬਣੇ ਹਨ, ਉੱਥੇ ਕਈ ਸੂਝਵਾਨ ਸਕੂਲ ਮੁੱਖੀਆਂ ਤੇ ਅਧਿਆਪਕਾਂ ਨੇ ਆਪੋ-ਆਪਣੇ ਸਕੂਲਾਂ ਵਿੱਚ ਬੋਰਡਾਂ ਤੇ ਲਿਖਵਾਏ ਹਨ।

ਅਮਰੀਕ ਸਿੰਘ

ਤਲਵੰਡੀ ਵੱਲੋਂ ਬਾਲਾਂ ਲਈ ਲਿਖੀਆਂ ਗੀਤਾਂ ਅਤੇ ਕਵਿਤਾਵਾਂ ਦੀਆਂ ਪੁਸਤਕਾਂ ਦੀ ਕਾਇਕ ਵਿਸ਼ੇਸ਼ਤਾ ਹੈ ਕਿ ਉਹ ਇੱਕ ਮਾਹਿਰ ਕਵੀ ਅਤੇ ਅਧਿਆਪਕ ਹੈ। ਉਸਦੀ ਕਿਸੇ ਵੀ ਰਚਨਾ ਵਿੱਚ ਲੈਅ ਅਤੇ ਕਾਵਿਕਤਾ ਮਨਫੀ ਨਹੀਂ ਹੁੰਦੀ। ਇਸੇ ਕਰਕੇ ਹਰ ਰਚਨਾ ਨੂੰ ਬਾਲ ਪਾਠਕ ਅਤੇ ਵੱਡੇ ਬੜੀ ਚਾਹਤ ਨਾਲ ਪੜ੍ਹਦੇ ਹਨ। ਉਸ ਦੀ ਪਹਿਲੀ ਕਾਵਿ ਪੁਸਤਕ ਕੁਆਰੇ ਬੋਲ 1975 ਵਿੱਚ ਛਪੀ ਸੀ। ਬਾਲਾਂ ਲਈ ਪਹਿਲੀ ਕਿਰਤ 1999 ਵਿੱਚ ਮੇਰੇ ਖਿਡੌਣੇ ਆਈ ਸੀ। ਬਾਅਦ ਵਿੱਚ ਸਾਲ 2006 ਤੱਕ ਉਸ ਦੀਆਂ ਬਾਲਾਂ ਦੇ ਬੋਲ, 'ਕਾਵਿ ਪਹਾੜੇ, ਮੇਰਾ ਬਸਤਾ ਅਤੇ ਸਮੇਂ ਦਾ ਸੱਚ ਆਦਿ ਪੁਸਤਕਾਂ ਛੱਪ ਕੇ ਬਾਲ ਪਾਠਕਾਂ ਤੱਕ ਪੁੱਜੀਆਂ ਹਨ।

ਅਮਰੀਕ ਵਿੱਚ ਤਲਵੰਡੀ ਵੱਲੋਂ ਬਾਲ ਸਾਹਿਤ ਵਿੱਚ ਪਾਏ ਯੋਗਦਾਨ ਬਦਲੇ ਪੰਜਾਬੀ ਸੱਥ ਲਾਂਬੜਾ (ਜਲੰਧਰ) ਨੇ ਉਸ ਨੂੰ (2006) ਪ੍ਰਿੰ. ਤਰਲੋਚਨ ਸਿੰਘ ਭਾਟੀਆ ਬਾਲ ਸਾਹਿਤ ਪੁਰਸਕਾਰ ਵੀ ਪ੍ਰਦਾਨ ਕਰਕੇ ਹੌਸਲਾ ਵਧਾਇਆ। ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਉਸਦੀਆਂ ਕਾਵਿ ਵੰਨਗੀਆਂ ਅਕਸਰ ਛੱਪਦੀਆਂ ਰਹਿੰਦੀਆਂ ਹਨ। ਰੇਡੀਓ, ਟੀ.ਵੀ. ਦੇ ਕਵੀ ਦਰਬਾਰਾਂ ਵਿੱਚ ਵੀ ਉਹ ਸ਼ਾਮਲ ਹੁੰਦਾ ਰਹਿੰਦਾ ਹੈ। ਅਧਿਆਪਕ ਪਤਨੀ ਸ੍ਰੀਮਤੀ ਜਗਦੀਸ਼ ਕੌਰ ਅਤੇ ਅਮਰੀਕ ਦੇ ਵਿਹੜੇ ਵਿੱਚ ਦੋ ਕਲੀਆਂ ਅਮਨਪ੍ਰੀਤ ਕੌਰ, ਨਵਰਚਨਾ ਅਤੇ ਇੱਕ ਫੁੱਲ ਨਵਗੀਤ ਸਿੰਘ ਖਿੜੇ ਹਨ। ਉਸਦਾ ਕਹਿਣਾ ਹੈ ਕਿ ਬਾਲ ਸਾਹਿਤ ਵਿੱਚ ਕੰਮ ਕਰਨ ਵਾਲੇ ਬਹੁਤ ਥੋੜ੍ਹੇ ਹਨ। ਜਿਹੜੇ ਕਰਦੇ ਨੇ ਉਨ੍ਹਾਂ ਦੀ ਸਰਕਾਰ ਕਦੀ ਸਹਾਇਤਾ ਨਹੀਂ ਕਰਦੀ। ਇਸ ਕਰਕੇ ਪੂਰੇ ਪੰਜਾਬ ਵਿੱਚ ਨਿੱਜੀ ਖੇਤਰ ਦਾ ਇੱਕੋ-ਇੱਕ ਬਾਲ ਸਾਹਿਤ ਰਸਾਲਾ "ਨਿੱਕੀਆਂ ਕਰੂੰਬਲਾਂ" ਹੀ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਖ਼ਬਾਰਾਂ ਨੇ ਭਰਪੂਰ ਜਾਣਕਾਰੀ ਤੇ ਮਨੋਰੰਜਨ ਦਿੱਤਾ ਹੈ, ਪਰ ਜੀਵਨ ਵਿੱਚ ਬਾਲ ਰਸਾਲਿਆਂ ਦੀ ਇੱਕ ਨਿਵੇਕਲੀ ਥਾਂ ਹੈ, ਜਿਨ੍ਹਾਂ ਨੇ ਕਈ ਪੁੰਗਰਦੇ ਸਾਹਿਤਕਾਰਾਂ ਨੂੰ ਲੀਹੇ ਪਾਉਣਾ ਹੁੰਦਾ ਹੈ। ਇਨ੍ਹਾਂ ਦੀ ਮਹਾਨਤਾ ਵਿਦੇਸ਼ਾਂ ਵਿੱਚ ਜਾ ਕੇ ਦੇਖੀ ਜਾ ਸਕਦੀ ਹੈ। ਅਸੀਂ ਪੰਜਾਬੀ ਸੈਂਕੜਿਆਂ ਦੀ ਸ਼ਰਾਬ ਤਾਂ ਪੀ ਲੈਂਦੇ ਹਾਂ, ਪਰ ਆਪਣੇ ਬੱਚਿਆਂ ਲਈ ਦੱਸ ਰੁਪਏ ਦਾ ਬਾਲ ਰਸਾਲਾ ਨਹੀਂ ਮੰਗਵਾਉਂਦੇ। ਬਾਲ ਸਾਹਿਤ ਪ੍ਰਤੀ

ਬਾਕੀ ਸਫਾ III 'ਤੇ

ਪ੍ਰੀਤਮ ਸਿੰਘ ਰਾਹੀ ਦਾ ਗ਼ਜ਼ਲ ਸੰਸਾਰ ਤੇ ਇਸ ਦੀ ਸਮਾਜਿਕ ਚੇਤਨਾ

ਨਿਰੰਜਨ ਬੋਹਾ

ਪੰਜਾਬੀ ਗ਼ਜ਼ਲ ਦਾ ਬਾਹਰੀ ਤੇ ਤਕਨੀਕੀ ਸਵਰੂਪ ਹੋਰਨਾਂ ਭਾਸ਼ਾਵਾਂ ਵਿੱਚ ਲਿਖੀ ਜਾ ਰਹੀ ਗ਼ਜ਼ਲ ਨਾਲ ਲੱਗਭੱਗ ਸਮਰੂਪਤਾ ਰੱਖਦਾ ਹੈ ਪਰ ਇਸ ਦਾ ਵਿਚਾਰਧਾਰਕ ਪਰਿਪੇਖ ਆਪਣੀ ਸਮਕਾਲੀਨ ਸਮਾਜਿਕਤਾ ਤੇ ਅੰਤਰਮੁੱਖੀ ਤੇ ਬਾਹਰ ਮੁੱਖੀ ਸਰੋਕਾਰਾਂ ਨਾਲ ਹੀ ਵਾ-ਬਧਤਾ ਹੈ। ਆਪਣੇ ਅਰੰਭਕ ਦੌਰ ਵਿੱਚ ਪੰਜਾਬੀ ਗ਼ਜ਼ਲ ਵੀ ਆਪਣੇ ਰਚਨਹਾਰ ਦੇ ਨਿੱਜੀ ਦੁੱਖਾਂ-ਸੁੱਖਾਂ ਦੇ ਘੇਰੇ ਵਿੱਚ ਰਹਿੰਦਿਆਂ ਭਾਵੁਕਤਾ ਪੂਰਨ ਰੂਮਾਨੀ ਮੁੱਦਿਆਂ ਨੇ ਉਭਾਰ ਕੇ ਹੀ ਆਪਣੀ ਸਿਰਜਣਾਤਮਕ ਸਾਰਥਿਕਤਾ ਦੀ ਖੋਜ ਕਰਦੀ ਰਹੀ ਹੈ ਪਰ ਅੱਜ ਦਾ ਗ਼ਜ਼ਲ ਸਮਕਾਲੀਨ ਸਮਾਜਿਕ ਸਥਿਤੀਆਂ ਨਾਲ ਸਹਿਜ ਤੇ ਧਾਰਮਿਕ ਸੰਵਾਦ ਸਥਾਪਿਤ ਕਰਨ ਵਿੱਚ ਕਾਮਯਾਬ ਵਿਖਾਈ ਦੇ ਰਿਹਾ ਹੈ। ਭਾਵੇਂ ਪੰਜਾਬੀ ਗ਼ਜ਼ਲ ਵਿੱਚ ਪਿਆਰ ਮੁਹੱਬਤ ਵਰਗੇ ਪਰੰਪਰਾਗਤ ਰੂਹਾਨੀ ਵਿਸ਼ਿਆਂ ਦਾ ਆਉਣਾ ਵਰਜਿਤ ਨਹੀਂ ਹੈ ਪਰ ਇਸ ਦਾ ਆਧੁਨਿਕ ਭਾਵ ਬੋਧ ਅਜਿਹੀ ਰੁੱਤ ਆਉਣ ਦੀ ਉਡੀਕ ਵਿੱਚ ਹੈ ਜਿਸ ਵਿੱਚ ਪਿਆਰ ਮੁਹੱਬਤ ਦੇ ਬੂਟੇ ਚੰਗੀ ਤਰ੍ਹਾਂ ਫਲ-ਫੁੱਲ ਸਕਣ। ਆਧੁਨਿਕ ਪੰਜਾਬੀ ਗ਼ਜ਼ਲਕਾਰ ਪਲਾਇਨਵਾਦੀ ਨਹੀਂ ਹੈ। ਸਗੋਂ ਜ਼ਿੰਦਗੀ ਦੀ ਨਿਰੰਤਰ ਯੋਗਤਾ ਤੇ ਗਤੀਸ਼ੀਲਤਾ ਨੂੰ ਬਣਾਈ ਰੱਖਣ ਵਿੱਚ ਵਿਸ਼ਵਾਸ਼ ਰੱਖਦਾ ਹੈ। ਪੰਜਾਬੀ ਗ਼ਜ਼ਲ ਦੇ ਬੌਧਿਕ ਵਿਵਹਾਰ ਵਿੱਚ ਸ਼ਾਮਿਲ ਹੋਈ ਅਜਿਹੀ ਮਨੁੱਖਤਾ ਹਿੱਤੂ ਚੇਤਨਾ ਹੀ ਇਸ ਨੂੰ ਸਮੇਂ ਦੇ ਹਾਣ ਦੀ ਕਾਵਿ ਵਿਧਾ ਬਣਾਉਣ ਵਿੱਚ ਸਹਾਈ ਬਣ ਰਹੀ ਹੈ। ਆਪਣੀ ਵਿਆਪਕ ਅਭਿਵਿਅਕਤੀਗਤ ਸਮਰਥਾ ਕਾਰਣ ਇਹ ਵਿਧਾ ਹੁਣ ਫਾਰਸੀ ਤੇ ਉਰਦੂ ਭਾਸ਼ਾ ਤੋਂ ਬਾਅਦ ਹਿੰਦੀ ਤੇ ਪੰਜਾਬੀ ਕਾਵਿ ਖੇਤਰ ਵਿੱਚ ਵੀ ਆਪਣੀ ਹਰਮਨ ਪਿਆਰਤਾ ਦੇ ਨਵੇਂ ਮਾਪਦੰਡ ਸਥਾਪਿਤ ਕਰ ਰਹੀ ਹੈ।

ਪ੍ਰੀਤਮ ਸਿੰਘ ਰਾਹੀ

ਪ੍ਰੀਤਮ ਸਿੰਘ ਰਾਹੀ ਦਾ ਸੁਮਾਰ ਪੰਜਾਬੀ ਗ਼ਜ਼ਲ ਦੇ ਉਹਨਾਂ ਪ੍ਰੋਢ ਗ਼ਜ਼ਲਕਾਰ ਵਿੱਚ ਹੈ ਜਿਨ੍ਹਾਂ ਪੰਜਾਬੀ ਗ਼ਜ਼ਲ ਦੇ ਵਿਚਾਰਧਾਰਕ ਪਰਿਪੇਖ ਨੂੰ ਰਵਾਇਤ ਮੁਖਤਾ ਨਾਲੋਂ ਤੋੜ ਕੇ ਲੋਕ ਮੁੱਖਤਾ ਨਾਲ ਜੋੜਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਪੰਜਾਬੀ ਗ਼ਜ਼ਲ ਦੇ ਖੇਤਰ ਵਿੱਚ ਪ੍ਰਕਾਸ਼ਿਤ ਹੋਏ ਉਸ ਦੇ ਚਾਰ ਸੰਗ੍ਰਹਿ "ਪਾਲਕੌਂਸ" "ਗ਼ਜ਼ਾਲ", "ਕਾਸ਼ਨੀ ਧੁੱਪਾਂ" ਅਤੇ "ਸਾਗਰ ਤੋਂ ਸਲੀਬ ਤੱਕ" ਵਿਚਲੀ ਸ਼ਾਇਰੀ ਲੋਕ ਪ੍ਰਤੀਬੱਧਤਾ ਦੇ ਅਰਤਾਂ ਨੂੰ ਪਰਿਭਾਸ਼ਤ ਹੀ ਨਹੀਂ ਕਰਦੀ, ਸਗੋਂ ਯਥਾਰਥਕ ਧਰਾਤਲ 'ਤੇ ਇਸ ਨੂੰ ਸਰਕਾਰ ਵੇਖਣ ਦੀ ਇਛੁੱਕ ਵੀ ਹੈ। ਉਸ ਦੀਆਂ ਸੰਪੂਰਨ ਗਜ਼ਲਾਂ ਨੂੰ ਸੰਗ੍ਰਹਿਤ ਕਰਨ ਵਾਲਾ ਵੱਡ ਆਕਾਰੀ ਗ਼ਜ਼ਲ ਸੰਗ੍ਰਹਿ "ਗੁਲ ਮੋਹਰ" ਦਾ ਭਾਵੁਕਤਾ ਮੁਕਤ ਪਾਠ ਉਸ ਦੀ ਗ਼ਜ਼ਲੀਅਤ ਵਿਚਲੀ ਸਮਾਜਿਕ ਚੇਤਨਾ ਦੇ ਵਿਭਿੰਨ ਪਸਾਰਾਂ ਨੂੰ ਸਮਝਣ ਤੇ ਅਭਿਵਿਅਕਤ ਕਰਨ ਵਿੱਚ ਪੂਰੀ ਤਰ੍ਹਾਂ ਸਹਾਈ ਬਨਦਾ ਹੈ।

ਪ੍ਰੀਤਮ ਸਿੰਘ ਰਾਹੀ ਇੱਕ ਗ਼ਜ਼ਲ ਲੇਖਕ ਵਜੋਂ ਆਪਣੀ ਭੂਮਿਕਾ ਨਿਭਾਉਣ ਤੋਂ ਪਹਿਲਾਂ ਇੱਕ ਜ਼ਿੰਮੇਵਾਰ ਤੇ ਜਾਗਰੂਕ ਸਮਾਜਿਕ ਪ੍ਰਾਣੀ ਵਜੋਂ ਆਪਣੇ ਫਰਜ਼ਾਂ ਨੂੰ ਪੂਰੀ ਤਰ੍ਹਾਂ ਆਪਣੇ ਧਿਆਨ ਵਿੱਚ ਰੱਖਦਾ ਹੈ।

ਪੰਜਾਬੀ ਗ਼ਜ਼ਲ ਦੇ ਨਵੇਂ ਤੇ ਪੁਰਾਣੇ ਵਿਚਾਰਧਾਰਾਈ ਸਵਰੂਪ ਨੂੰ ਦੋ ਅਲੱਗ-ਅਲੱਗ ਸ਼ੇਅਰਾਂ ਰਾਹੀਂ ਰੂਪਮਾਨ ਕਰਦਿਆਂ ਉਹ ਰੂਪਵਾਦੀ ਤੇ ਜਨਵਾਦੀ ਗ਼ਜ਼ਲ ਦਾ ਨਿਖੇੜਾ ਇਸ ਤਰ੍ਹਾਂ ਕਰਦਾ ਹੈ,-

ਖਾ ਕੇ ਨਮਕ ਆਪਣੇ ਮਾਲਕ ਦੇ ਦੇਸ਼ ਦਾ,
ਲੋਕਾਂ ਦੀ ਗੱਲ ਕਰਨ ਤੋਂ ਡਰਦੀ ਰਹੀ ਗ਼ਜ਼ਲ।

....

ਆਈ ਹੋਸ਼ ਟੁਰ ਪਈ ਲੋਕਾਂ ਦੇ ਨਾਲ-ਨਾਲ,
ਜਿਨ੍ਹਾਂ ਦੀ ਗੱਲ ਕਰਨ ਤੋਂ ਡਰਦੀ ਰਹੀ ਗ਼ਜ਼ਲ।

ਦੇਸ਼ ਦੀ ਪੂੰਜੀਵਾਦੀ ਤਰਜ਼ ਦੀ ਵਿਕਾਸ ਪ੍ਰੀਕ੍ਰਿਆ ਨੇ ਜਿੱਥੇ ਸਮਾਜਿਕ, ਆਰਥਿਕ, ਰਾਜਨੀਤਿਕ ਤੇ ਸੱਭਿਆਚਾਰਕ ਖੇਤਰ ਦੀ ਪਹਿਚਾਣ ਨੂੰ ਨਵੇਂ ਅਰਥਾਂ ਦਾ ਧਾਰਨੀ ਬਣਾਇਆ ਹੈ, ਉੱਥੇ ਲੇਖਕਾਂ ਦੇ ਸਮਾਜਿਕ ਅਸਤਿੱਤਵ (ਹੋਂਦ) ਨੂੰ ਵੀ ਪੂਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਅੱਜ ਵਧੇਰੇ ਲੇਖਕ ਦੁਰਾਹੇ 'ਤੇ ਖੜ੍ਹੇ ਇਸ ਦੁਬਿੱਧਾ ਦੇ ਸ਼ਿਕਾਰ ਹਨ ਕਿ ਉਹ ਆਪਣੀ ਲੇਖਣੀ ਲਈ ਕਿਹੜੀ ਦਸ਼ਾ ਤੇ ਦਿਸ਼ਾ ਗ੍ਰਹਿਣ ਕਰਨ। ਇੱਕ ਪਾਸੇ ਪੂੰਜੀਵਾਦੀ ਯੁੱਗ ਦੇ ਖ਼ਪਤ ਸੱਭਿਆਚਾਰ ਵੱਲੋਂ ਦਿੱਤੇ ਜਾ ਰਹੇ ਸ਼ੋਹਰਤ ਤੇ ਪੈਸੇ ਦੇ ਪ੍ਰਲੋਭਣ ਉਹਨਾਂ ਨੂੰ ਆਪਣੇ ਵੱਲ ਖਿੱਚ ਰਹੇ ਹਨ ਤਾਂ ਦੂਜੇ ਪਾਸੇ ਉਨ੍ਹਾਂ ਦਾ ਆਪਣਾ ਪੂਰਵਜੀ ਸੱਭਿਆਚਾਰ ਪਿਛੋਕੜ ਉਨ੍ਹਾਂ ਦੀ ਲੋਕ ਪ੍ਰਤੀਬੱਧਤਾ ਨੂੰ ਬਰਕਰਾਰ ਰੱਖਣ ਲਈ ਯਤਨਸ਼ੀਲ ਹੈ। ਸਾਡੇ ਅਧਿਐਨ ਦਾ ਕਵੀ ਪ੍ਰੀਤਮ ਸਿੰਘ ਰਾਹੀ ਨਾ ਕੇਵਲ ਇਸ ਦੁਬਿੱਧਾ ਵਿੱਚੋਂ ਨਿਕਲ ਕੇ ਲੋਕ ਪੱਖੀ ਚਿੰਤਨ ਨਾਲ ਜੁੜਿਆ ਹੈ ਸਗੋਂ ਆਪਣੇ ਹੋਰ ਹਮਰਾਹੀ ਲੇਖਕਾਂ ਦੀ ਸੁੱਤੀ ਜ਼ਮੀਰ ਨੂੰ ਜਗਾਉਣ ਦਾ ਵੀ ਯਤਨ ਕਰ ਰਿਹਾ ਹੈ.-

ਜਿਹੜਾ ਸੱਚ ਤੋਂ ਅੱਖਾਂ ਮੀਟੇ,
ਲੇਖਕ ਦੀ ਅਲਗਰਜ਼ੀ ਲਿੱਖ! (ਮਾਲਕੌਂਸ)
ਸ਼ੇਅਰਾਂ ਵਿੱਚ ਆਪਦੇ ਲੋਕਾਂ ਦਾ ਦਰਦ ਲਿਖ,
ਥੋੜਾਂ ਤੇ ਭੰਨਿਆ ਲਈ, ਜਿਉਂਦੇ ਖੁਆਬ ਲਿਖ! (ਗ਼ਜ਼ਾਲ)

ਗੱਲ ਤੁਰ ਪਈ, ਰੋਟੀ ਰੋਜ਼ੀ ਤੇ ਤੰਗੀ ਦੀ,
ਛੇੜੋ ਕਰਨੀ ਹੁਣ ਚੰਨਾਂ ਤੇ ਤਾਰਿਆਂ ਦੀ ਗੱਲ! (ਕਾਸ਼ਨੀ ਧੁੱਪਾਂ)

ਜਾਗੋ ਦੇ ਵਿੱਚ ਇਸ ਨੂੰ ਬਦਲੋ
ਬਣਨ ਨਾ ਦੇਵੋ ਲੋਰੀ ਗੱਲ!
(ਸਾਗਰ ਤੋਂ ਸਲੀਬ ਤੱਕ)

ਰਾਹੀ ਦੀਆਂ ਗ਼ਜ਼ਲਾਂ ਦੇ ਸ਼ੇਅਰ ਉਸ ਦੀ ਪ੍ਰੋਢ ਉਮਰ ਦੇ ਅਨੁਭਵ ਤੇ ਤਜਰਬਿਆਂ ਨੂੰ ਕਲਾਤਮਿਕ ਪੁਖ਼ਤਗੀ ਦਾ ਜਾਮਾ ਪਹਿਨਾਉਂਦਿਆਂ ਆਪਣੇ ਸਮੇਂ ਦੇ ਸੱਚ ਨੂੰ ਅਭਿਵਿਅਕਤ ਕਰਨ ਵੇਲੇ ਪੂਰੀ ਤਰ੍ਹਾਂ ਬੇਬਾਕ ਤੇ ਇਮਾਨਦਾਰ ਹੁੰਦੇ ਹਨ। ਉਸ ਦੀ ਸ਼ਾਇਰੀ ਵਾਰ-ਵਾਰ ਉਸ ਦੇ ਤਨ ਤੇ ਮਨ ਵੱਲੋਂ ਹੰਢਾਏ ਇਸ ਅਨੁਭਵ ਨੂੰ ਆਪਣੀ ਅਭਿਵਿਅਕਤਾ ਦਾ ਮਾਧਿਅਮ ਬਣਾਉਂਦੀ ਹੈ ਕਿ ਪੂੰਜੀਵਾਦੀ ਤਰਜ਼ ਦੀ ਮੌਜੂਦਾ ਆਰਥਿਕ ਤੇ ਸਮਾਜਿਕ ਵਿਵਸੱਥਾ ਹਰ ਲਿਹਾਜ ਨਾਲ ਮਨੁੱਖਤਾ ਵਿਰੋਧੀ ਹੈ। ਇਸ ਵਿਵਸੱਥਾ ਵਿੱਚ ਆਮ ਆਦਮੀ ਦੀ ਇਸ ਕਦਰ ਦੁਰਗਤੀ ਹੋ ਰਹੀ ਹੈ ਕਿ ਸ੍ਰਿਸਟੀ ਵਿੱਚ ਮਨੁੱਖ ਦੇ ਸਰਵੋਤਮ ਪ੍ਰਾਣੀ ਹੋਣ ਦੀ ਮਿੱਥ ਆਪਣੇ ਆਪ ਹੀ ਖੰਡਿਤ ਹੋ ਜਾਂਦੀ ਹੈ।

ਗ਼ਜ਼ਲਕਾਰ ਦੇ ਵਿਸ਼ਲੇਸ਼ਣੀ ਸਿੱਟੇ ਅਨੁਸਾਰ ਜਿੱਥੇ ਪੂੰਜੀ ਤੇ ਸੱਤਾ ਇੱਕ ਦੂਜੇ ਦੀਆਂ ਪੂਰਕ ਹੋਣ ਉੱਥੇ ਪੂੰਜੀ ਰਹਿਤ ਸਾਧਨ ਹੀਨ ਵਰਗ ਦਾ ਹਸ਼ਰ ਚੰਗਾ ਹੋ ਹੀ ਨਹੀਂ ਸਕਦਾ। ਦੇਸ਼ ਦੇ ਬੱਦ ਤੋਂ ਬੱਦਤਰ ਹੁੰਦੇ ਜਾ ਰਹੇ ਮੌਜੂਦਾ ਹਾਲਾਤ ਨੂੰ ਉਸ ਦੀਆਂ ਗ਼ਜ਼ਲਾਂ ਦੇ ਸ਼ੇਅਰ ਇਸ

ਬਾਕੀ ਸਫਾ II 'ਤੇ